# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸਪੀਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਸਮੂਹ ਐਫੀਲੀਏਟਿਡ ਸੰਸਥਾਵਾਂ,
ਪੰਜਾਬ।

ਨੰਬਰ: ਪਸਸਬ-ਐਫੀ:2015/ 573 ਮਿਤੀ: 13/03/2015

ਵਿਸ਼ਾ; **ਸਕੂਲ ਵਿੱਚ ਫਾਇਰ ਸੇਫਟੀ ਅਤੇ ਫਸਟ ਏਡ ਕਿੱਟ ਹੋਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਮਿਤੀ: 04-02-2015 ਨੂੰ ਡੀ.ਜੀ.ਐਸ.ਈ. ਸਾਹਿਬ ਨਾਲ ਉਹਨਾਂ ਦੇ ਦਫਤਰ ਵਿਖੇ ਮੀਟਿੰਗ ਹੋਈ। ਜਿਸ ਵਿੱਚ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ:-

1. ਹਰ ਇੱਕ ਸਕੂਲ ਵਿੱਚ ਫਸਟ ਏਡ ਕਿੱਟ ਹੋਣੀ ਚਾਹੀਦੀ ਹੈ, ਜਿਸ ਵਿੱਚ ਸਿਹਤ ਵਿਭਾਗ ਵੱਲੋਂ ਨਿਰਧਾਰਤ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਹੋਣਾ ਚਾਹੀਦਾ ਹੈ। ਸਕੂਲ ਵਿੱਚ ਇੱਕ ਟੀਚਰ ਫਸਟ ਏਡ ਦੇਣ ਲਈ ਟ੍ਰੇਂਡ ਹੋਣਾ ਚਾਹੀਦਾ ਹੈ।
2. ਸਕੂਲ ਦੇ ਸੂਚਨਾ ਬੋਰਡ ਉੱਤੇ ਨੇੜੇ ਦੀ ਪੀ.ਐਚ.ਸੀ., ਸੀ.ਐਚ.ਸੀ., ਫਾਇਰ, ਪੁਲਿਸ ਅਤੇ ਐਬੂਲੈਂਸ ਦਾ ਨੰਬਰ ਲਿਖਿਆ ਹੋਣਾ ਚਾਹੀਦਾ ਹੈ।
3. ਹਰ ਸਕੂਲ ਵਿੱਚ ਪ੍ਰੇਅਰ ਦੇ ਸਮੇਂ ਬੱਚਿਆਂ ਨੂੰ ਫਾਇਰ ਸੇਫਟੀ ਸਬੰਧੀ ਜਾਗਰੂਕ ਕੀਤਾ ਜਾਵੇ। ਸਕੂਲ ਵਿੱਚ ਫਾਇਰ ਸੇਫਟੀ ਸਬੰਧੀ ਹਰ ਕਾਰਵਾਈ ਮੁਕੰਮਲ ਕਰਵਾਈ ਜਾਵੇ।

ਸਾਰੀਆਂ ਪ੍ਰਾਈਵੇਟ ਐਫੀਲੀਏਟਿਡ ਸੰਸਥਾਵਾਂ ਉਕਤ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ। ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ) 13/3/15
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਵੱਲੋਂ

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ

ਐਸ.ਏ.ਐਸ.ਨਗਰ।

ਵੱਲ

ਸਮੂਹ ਸਕੂਲ ਮੁੱਖੀ ਐਫੀਲੀਏਟਿਡ,

ਪੰਜਾਬ।

ਨੰ: ਪਸਸਬ-ਐਫੀ:2015/ 572

ਮਿਤੀ; ਮੋਹਾਲੀ: 13/3/15

**ਵਿਸ਼ਾ:- ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ 2015 ਲਈ ਉੱਤਰ-ਪੱਤਰੀਆਂ ਦੀ ਕਰਵਾਈ ਜਾ ਰਹੀ ਟੇਬਲ ਮਾਰਕਿੰਗ ਲਈ ਕੋਆਰਡੀਨੇਟਰਜ਼ ਨੂੰ ਅਧਿਆਪਕ ਮੁਹੱਈਆ ਕਰਵਾਉਣ ਬਾਰੇ।**

ਸ੍ਰੀਮਾਨ/ਮੈਡਮ ਜੀ,

ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਸ਼੍ਰੇਣੀ ਦੀਆਂ ਸਾਲਾਨਾਂ ਪ੍ਰੀਖਿਆਵਾਂ 2015 ਬੋਰਡ ਵੱਲੋਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ। ਬੋਰਡ ਵੱਲੋਂ ਇਨ੍ਹਾਂ ਪ੍ਰੀਖਿਆਵਾਂ ਵਿੱਚ ਅਪੀਅਰ ਹੋ ਰਹੇ ਪ੍ਰੀਖਿਆਰਥੀਆਂ ਦੀਆਂ ਉੱਤਰ-ਪੱਤਰੀਆਂ ਹਰ ਜ਼ਿਲ੍ਹੇ ਵਿੱਚ ਸਥਾਪਿਤ ਕੀਤੇ ਗਏ ਮੁਲਾਂਕਣ ਕੇਂਦਰਾਂ ਵਿੱਚ ਟੇਬਲ ਮਾਰਕਿੰਗ ਵਿਧੀ ਰਾਹੀਂ ਕਰਵਾਉਣ ਦਾ ਨਿਰਣਾ ਲਿਆ ਗਿਆ ਹੈ ਅਤੇ ਟੇਬਲ ਮਾਰਕਿੰਗ ਲਈ ਪ੍ਰਾਸੈਸ ਮਿਤੀ: 11-03-2015 ਤੋ ਆਰੰਭ ਹੋ ਚੁੱਕੀ ਹੈ। ਇਹ ਵੀ ਨਿਰਣਾ ਲਿਆ ਗਿਆ ਹੈ ਕਿ ਟੇਬਲ ਮਾਰਕਿੰਗ ਲਈ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਵੱਲੋਂ ਵੀ ਤਜਰਬਾਕਾਰ ਅਧਿਆਪਕ ਮੁਲਾਂਕਣ ਕੇਂਦਰਾਂ ਦੇ ਕੋਆਰਡੀਨੇਟਰਜ਼ ਨੂੰ ਮੁਹੱਈਆ ਕਰਵਾਏ ਜਾਣਗੇ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁਲਾਂਕਣ ਕੇਂਦਰਾਂ ਦੇ ਕੋਆਰਡੀਨੇਟਰ ਜੋ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਹਨ, ਨੂੰ ਉਨ੍ਹਾਂ ਦੀ ਮੰਗ ਅਨੁਸਾਰ ਸਬੰਧਤ ਵਿਸ਼ੇ ਦੇ ਤਜਰਬਾਕਾਰ ਅਧਿਆਪਕ ਟੇਬਲ ਮਾਰਕਿੰਗ ਲਈ ਹਰ ਹਾਲਤ ਵਿੱਚ ਮੁਹੱਈਆ ਕਰਵਾਏ ਜਾਣ।

ਆਪ ਜੀ ਦੇ ਬਹੁਮੁੱਲੇ ਸਹਿਯੋਗ ਸਦਕਾ ਹੀ ਟੇਬਲ ਮਾਰਕਿੰਗ ਦਾ ਕੰਮ ਸਫਲਤਾ ਪੂਰਵਕ ਸੰਪਨ ਹੋ ਸਕੇਗਾ।

ਵਿਸ਼ਵਾਸਪਾਤਰ,

13/3/15

ਇੰਚਾਰਜ ਐਫੀਲੀਏਸ਼ਨ

ਵਾਸਤੇ ਸਕੱਤਰ